www.cfapunjab.com

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥

cfapunjab2024@gmail.com

# Computer Faculty Association (Punjab) (REGD.)

## ਕੰਪਿਊਟਰ ਫੈਕਲਟੀ ਐਸੋਸੀਏਸ਼ਨ (ਪੰਜਾਬ) ਰਜਿ.

**Pardeep Kumar Maluka**
*President*
98768 59646

**Jatinder Sodhi**
*Senior Vice President*
9781838900

**Lakhwinder Singh**
*General Secretary*
94178 00083

**Jaspal**
*Cashier*
82838 10685

**Harcharan Singh**
*Press Secretary*
94633 21578

**Balwinder Singh**
*Media Advisor*
98554 00979

**Lakhbir Singh**
*Executive Member*
98554 00979

**Kulwinder Singh**
*Executive Member*
94636 42036

**Mandeep Singh**
*Advisor*
99883 31044

ਸੇਵਾ ਵਿਖੇ,
ਮਾਨਯੋਗ ਮੁੱਖ ਮੰਤਰੀ ਜੀ,
ਪੰਜਾਬ ਸਰਕਾਰ।

ਵਿਸ਼ਾ : ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ 7000 ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਸਬੰਧੀ।

ਉਪਰੋਕਤ ਵਿਸ਼ਾ ਅੰਕਿਤ ਦੇ ਸਬੰਧ ਵਿੱਚ ਨਿਮਰਤਾ ਸਹਿਤ ਬੇਨਤੀ ਹੈ ਕਿ ਹੇਠ ਅਨੁਸਾਰ ਜਾਇਜ਼ ਅਤੇ ਹੱਕੀ ਮੰਗਾਂ ਗੰਭੀਰਤਾ ਨਾਲ ਵਿਚਾਰਨ / ਹੱਲ ਕਰਨ ਐਸੋਸੀਏਸ਼ਨ ਨੂੰ ਢੁਕਵਾਂ ਸਮਾਂ ਦੇਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

1. ਆਮ ਆਦਮੀ ਪਾਰਟੀ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਦਰਜ ਕੀਤਾ ਗਿਆ ਸੀ ਕਿ "ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇਗਾ" ਤੇ ਮਿਤੀ 25-02-2025 ਨੂੰ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਵੱਲੋਂ ਵੀ ਕੰਪਿਊਟਰ ਅਧਿਆਪਕਾਂ ਨੂੰ 01-07-2011 ਤੋਂ ਸਿੱਖਿਆ ਵਿਭਾਗ ਦੇ ਮੁਲਾਜ਼ਮ ਮੰਨਦੇ ਹੋਏ ਪੰਜਾਬ ਸਿਵਲ ਸਰਵਿਸ ਰੂਲਜ਼ ਲਾਗੂ ਕਰਨ ਦੇ ਆਦੇਸ਼ ਦਿੱਤੇ ਹਨ। ਸਰਕਾਰ ਦਾ ਰਾਜਨੀਤਿਕ ਅਤੇ ਅਦਾਲਤੀ ਫੈਸਲਾ ਲਾਗੂ ਕੀਤਾ ਜਾਵੇ ਜੀ।
   ( ਚੋਣ ਮਨੋਰਥ ਪੱਤਰ ਅਤੇ ਫੈਸਲੇ ਦੀ ਕਾਪੀ ਨਾਲ ਨੱਥੀ ਹੈ ਜੀ)
2. ਕੰਪਿਊਟਰ ਅਧਿਆਪਕਾਂ ਦਾ ਈ.ਪੀ.ਐਫ. ਕਟੌਤੀ ਖਾਤਾ ਐਨ.ਪੀ.ਐਸ. ਸਕੀਮ ਵਿੱਚ ਟਰਾਂਸਫਰ ਕਰਕੇ ਨਿਯੁਕਤੀ ਦੀ ਮਿਤੀ ਤੋਂ ਐਨਪੀਐਸ ਕਟੌਤੀ ਕੀਤੀ ਜਾਵੇ ਜੀ ਇਸ ਤੋਂ ਇਲਾਵਾ 2710 ਕੰਪਿਊਟਰ ਅਧਿਆਪਕਾਂ ਦੀ ਨਿਯੁਕਤੀ ਦੀ ਮਿਤੀ ਤੋਂ ਐਨ.ਪੀ.ਐਸ ਕਟੌਤੀ ਕੀਤੀ ਜਾਵੇ ਜੀ। ( ਨਿਯਮਾਂ ਦੀ ਕਾਪੀ ਨਾਲ ਨੱਥੀ ਹੈ ਜੀ।)
3. ਕੰਪਿਊਟਰ ਅਧਿਆਪਕਾਂ ਤੇ ਵਿੱਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪੇ-ਕਮਿਸ਼ਨ ਲਾਗੂ ਕਰਕੇ 01-01-2016 ਤੋਂ ਬਣਦਾ ਬਕਾਇਆ ਜਾਰੀ ਕੀਤਾ ਜਾਵੇ ਜੀ। ( ਸਰਕਾਰ ਦੀਆਂ ਹਦਾਇਤਾਂ ਨਾਲ ਨੱਥੀ ਹਨ ਜੀ)
4. ਪੰਜਾਬ ਸਰਕਾਰ ਦੇ ਸਰਕਾਰੀ ਮੁਲਾਜ਼ਮਾਂ ਦੀ ਨੌਕਰੀ ਦੌਰਾਨ ਮੌਤ ਹੋਣ ਉਪਰੰਤ ਪਰਿਵਾਰਿਕ ਮੈਂਬਰ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਦੀ ਨੀਤੀ ਤਹਿਤ ਕੰਪਿਊਟਰ ਅਧਿਆਪਕਾਂ ਦੇ ਮਿਤੀ 01-07-2011 ਤੋਂ ਪੈਂਡਿੰਗ ਪਏ ਸਾਰੇ ਕੇਸਾਂ ਦਾ ਤੁਰੰਤ ਨਪਟਾਰਾ ਕੀਤਾ ਜਾਵੇ ਜੀ। ( ਨੀਤੀ ਦੀ ਕਾਪੀ ਨਾਲ ਨੱਥੀ ਹੈ ਜੀ)
5. ਸੇਵਾ ਮੁਕਤ ਹੋ ਚੁੱਕੇ ਕੰਪਿਊਟਰ ਅਧਿਆਪਕਾਂ ਨੂੰ ਪੰਜਾਬ ਸਿਵਲ ਸਰਵਿਸ ਰੂਲਜ਼ ਅਧੀਨ ਬਣਦੇ ਸਾਰੇ ਪੂਰੇ ਸੇਵਾਮੁਕਤੀ ਲਾਭ ਦਿੱਤੇ ਜਾਣ ਜੀ। ( ਨਿਯਮਾਂ ਦੀ ਕਾਪੀ ਨਾਲ ਨੱਥੀ ਹੈ ਜੀ )
6. ਪੰਜਾਬ ਸਰਕਾਰ ਦੇ ਮੈਡੀਕਲ ਅਟੈਂਡੈਂਸ ਰੂਲ ਅਧੀਨ ਸਮੂਹ ਕੰਪਿਊਟਰ ਅਧਿਆਪਕਾਂ ਅਤੇ ਉਨਾਂ ਦੇ ਪਰਿਵਾਰਿਕ ਮੈਂਬਰਾਂ ਲਈ ਮੈਡੀਕਲ ਰੀਇਮਬਰਸ਼ਮੈਂਟ ਸਕੀਮ ਲਾਗੂ ਕੀਤੀ ਜਾਵੇ ਜੀ ਅਤੇ ਪੈਂਡਿੰਗ ਕੇਸਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ ਜੀ। ( ਨਿਯਮਾਂ ਦੀ ਕਾਪੀ ਨਾਲ ਨੱਥੀ ਹੈ ਜੀ।)
7. ਅਪਗ੍ਰੇਡ ਹੋਏ ਹਾਈ ਸਕੂਲਾਂ ਵਿੱਚ ਪੋਸਟਾਂ ਦਿੱਤੀਆਂ ਜਾਣ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਖਾਲੀ ਅਸਾਮੀਆਂ ਭਰੀਆਂ ਜਾਣ ਅਤੇ ਇੱਕ ਤੋਂ ਵੱਧ ਸਕੂਲਾਂ ਵਿੱਚ ਜਾ ਰਹੇ ਕੰਪਿਊਟਰ ਅਧਿਆਪਕਾਂ ਨੂੰ ਨਿਯਮਾਂ ਅਨੁਸਾਰ TA/DA ਦਿੱਤਾ ਜਾਵੇ। ( ਨਿਯਮਾਂ ਦੀ ਕਾਪੀ ਨਾਲ ਨੱਥੀ ਹੈ ਜੀ)
8. ਨਿਯੁਕਤੀ ਦੀ ਮਿਤੀ ਤੋਂ ਕੰਪਿਊਟਰ ਅਧਿਆਪਕਾਂ ਦੀ ਸੀਨੀਅਰਤਾ ਸੂਚੀ ਤਿਆਰ ਕੀਤੀ ਜਾਵੇ ਜੀ।
9. ਕੰਪਿਊਟਰ ਅਧਿਆਪਕਾਂ ਦੀਆਂ ਨਿਯੁਕਤੀ ਦੀ ਮਿਤੀ ਤੋਂ ਪੰਜਾਬ ਸਿਵਿਲ ਸਰਵਿਸ ਰੂਲਜ਼ ਅਧੀਨ ਬਣਦੀਆਂ (ਮੈਡੀਕਲ ਛੁੱਟੀਆਂ, ਕਮਾਈ ਛੁੱਟੀਆਂ ਅਤੇ ਹੋਰ ਛੁੱਟੀਆਂ ) ਸਰਵਿਸ ਬੁੱਕ ਵਿੱਚ ਦਰਜ ਕੀਤੀਆਂ ਜਾਣ ਜੀ। ( ਨਿਯਮਾਂ ਦੀ ਕਾਪੀ ਨਾਲ ਨੱਥੀ ਹੈ ਜੀ)

ਧੰਨਵਾਦ ਸਹਿਤ।

ਕੰਪਿਊਟਰ ਫੈਕਲਟੀ ਐਸੋਸੀਏਸ਼ਨ (ਰਜਿ.) ਪੰਜਾਬ।